# ਨਸ਼ੇ ਦੀ ਤੋੜ ਲੱਗਣ ਨਾਲ ਨਜਿੱਠਣ (ਡੀਟੌਕਸ) ਸੰਬੰਧੀ ਆਊਟਪੇਸ਼ੈਂਟ ਸੇਵਾਵਾਂ



ਅਸੀਂ ਨਰਸਾਂ ਦੀ ਇੱਕ ਟੀਮ ਹਾਂ ਜਿਸ ਵੱਲੋਂ ਡਾਕਟਰਾਂ, ਸਾਥੀਆਂ ਅਤੇ ਹੋਰ ਜਣਿਆਂ ਸਮੇਤ ਬਾਕੀ ਕਮਿਊਨਿਟੀ ਅਧਾਰਿਤ ਸੇਵਾਵਾਂ ਨਾਲ ਰਲ਼ ਕੇ ਕੰਮ ਕੀਤਾ ਜਾ ਰਿਹਾ ਹੈ ਤਾਂ ਕਿ ਤੁਹਾਨੂੰ ਨਸ਼ੇ ਦੀ ਤੋੜ ਨਾਲ ਨਜਿੱਠਣ ਲਈ ਦੇਖਭਾਲ ਅਤੇ ਦਯਾਲੂ ਯੋਜਨਾਬੱਧ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

**ਮਾਨਸਿਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਸੰਬੰਧਤ ਸੇਵਾਵਾਂ**

**ਵਧੇਰੇ ਜਾਣਕਾਰੀ ਲਈ ਫ਼ੋਨ ਕਰੋ**
**310-MHSU (6748)**

**ਇਨ੍ਹਾਂ ਥਾਵਾਂ 'ਤੇ ਉਪਲਬਧ:**
ਕੈਮਲੂਪਸ
ਕਲੋਨਾ
ਪੈਨਟਿਕਟਨ
ਵਰਨਨ

Interior Health

**822288** Aug 11-23

**ਨਸ਼ੇ ਦੀ ਤੋੜ ਲੱਗਣ ਨਾਲ ਨਜਿੱਠਣ (ਡੀਟੌਕਸ) ਸੰਬੰਧੀ ਆਊਟਪੇਸ਼ੈਂਟ ਸੇਵਾਵਾਂ** ਸ਼ਰਾਬ ਦੀ ਵਰਤੋਂ ਬੰਦ ਕਰਨ ਜਾਂ ਘਟਾਉਣ ਵਿੱਚ ਤੁਹਾਨੂੰ ਸਹਾਰਾ ਪ੍ਰਦਾਨ ਕਰਦੀਆਂ ਹਨ। ਜੇ ਓਪੀਓਇਡ ਨਸ਼ਿਆਂ ਕਾਰਨ ਸਥਾਨਕ ਓ.ਏ.ਟੀ. ਪ੍ਰਦਾਤਾ (ਓਪੀਓਰਿਡ ਨਸ਼ਾ ਲੈਣ ਵਾਲਿਆਂ ਦੀ ਮਦਦ ਕਰਨ ਵਾਲਾ ਥੈਰੇਪਿਸਟ) ਨੇ ਤੁਹਾਨੂੰ ਸਾਡੇ ਕੋਲ ਭੇਜਿਆ ਹੈ ਤਾਂ ਅਸੀਂ ਓ.ਏ.ਟੀ. ਥੈਰੇਪੀ 'ਤੇ ਤੁਹਾਨੂੰ ਸਥਿਰ ਹੋਣ ਲਈ ਵੀ ਤੁਹਾਡੀ ਸਹਾਇਤਾ ਕਰ ਸਕਦੇ ਹਾਂ।

ਨਸ਼ੇ ਦੀ ਤੋੜ ਲੱਗਣ/ਡੀਟੌਕਸ ਦੇ ਲੱਛਣਾਂ ਅਤੇ ਤੁਹਾਡੀ ਮੁੜ-ਸਿਹਤਯਾਬੀ ਦੇ ਟੀਚੇ ਹਾਸਲ ਕਰਨ ਵਿੱਚ ਤੁਹਾਡੀ ਮਦਦ ਵਾਸਤੇ ਅਸੀਂ ਤੁਹਾਨੂੰ ਤਜਵੀਜ਼ ਕੀਤੀਆਂ ਦਵਾਈਆਂ ਦੀ ਪੇਸ਼ਕਸ਼ ਵੀ ਕਰ ਸਕਦੇ ਹਾਂ। ਅਸੀਂ ਇਹ ਦੇਖਭਾਲ ਤੁਹਾਨੂੰ ਆਹਮੋ-ਸਾਹਮਣੇ ਮਿਲ ਕੇ, ਵਰਚੂਅਲੀ ਅਤੇ ਤੁਹਾਡੇ ਘਰ ਵਿੱਚ ਵੀ ਪ੍ਰਦਾਨ ਕਰਵਾ ਸਕਦੇ ਹਾਂ।

ਨਸ਼ੇ ਦੀ ਤੋੜ ਨਾਲ ਨਜਿੱਠਣ (ਡੀਟੌਕਸ) ਸੰਬੰਧੀ ਆਊਟਪੇਸ਼ੈਂਟ ਸੇਵਾਵਾਂ ਨਾਲ **ਕਿਸ ਨੂੰ ਲਾਭ ਹੋਵੇਗਾ? ਜੇ ਤੁਸੀਂ ਕੈਮਲੂਪਸ, ਕਲੋਨਾ, ਵਰਨਨ ਜਾਂ ਪੈਨਟਿਕਟਨ ਇਲਾਕੇ ਵਿੱਚ ਰਹਿੰਦੇ ਹੋ ਅਤੇ...**

- ਸ਼ਰਾਬ ਛੱਡਣੀ ਚਾਹੁੰਦੇ ਹੋ ਅਤੇ ਸੁਰੱਖਿਅਤ ਢੰਗ ਨਾਲ ਅਜਿਹਾ ਕਰਨ ਲਈ ਤੁਹਾਨੂੰ ਸਹਾਇਤਾ ਚਾਹੀਦੀ ਹੈ
- ਤੁਹਾਡੇ ਕੋਲ ਸੁਰੱਖਿਅਤ ਰਿਹਾਇਸ਼ ਦਾ ਪ੍ਰਬੰਧ ਹੈ
- ਸ਼ਰਾਬ ਛੱਡਣ ਦੇ ਤੁਹਾਡੇ ਵਿਉਂਤੇ ਹੋਏ ਸਮੇਂ ਤੋਂ ਬਾਅਦ ਵਾਲੇ 72 ਘੰਟੇ ਦੌਰਾਨ ਤੁਹਾਨੂੰ ਸਹਾਇਤਾ ਦੇਣ ਲਈ ਕੋਈ ਵਿਅਕਤੀ ਮੌਜੂਦ ਹੈ
- ਤੁਸੀਂ ਫ਼ੋਨ ਤਕ ਪਹੁੰਚ ਰੱਖਦੇ ਹੋ
- ਲੰਮੇ ਮਿਆਦ ਵਾਲੀਆਂ ਤੁਹਾਡੀਆਂ ਕਈ ਵੀ ਬਿਮਾਰੀਆਂ ਦਾ ਚੰਗੀ ਤਰ੍ਹਾਂ ਪ੍ਰਬੰਧਨ ਕੀਤਾ ਜਾਂਦਾ ਹੈ

ਨਸ਼ੇ ਦੀ ਤੋੜ ਲੱਗਣ ਨਾਲ ਨਜਿੱਠਣ ਸੰਬੰਧੀ ਆਊਟਪੇਸ਼ੈਂਟ ਸੇਵਾਵਾਂ ਨਾਲ **ਕਿਸ ਨੂੰ ਲਾਭ ਨਹੀਂ ਹੋਵੇਗਾ?**

ਜੇ ਤੁਹਾਡੇ ਟੀਚਿਆਂ ਲਈ ਤੁਹਾਨੂੰ 24 ਘੰਟੇ ਮੈਡੀਕਲ ਦੇਖਭਾਲ ਦੀ ਲੋੜ ਹੋਵੇ ਜਾਂ ਜੇ ਤੁਹਾਨੂੰ **ਹੇਠ ਲਿਖਿਆਂ ਵਿੱਚੋਂ ਕੋਈ ਸਮੱਸਿਆ ਹੋਵੇ** ਤਾਂ ਤੁਹਾਨੂੰ ਨਸ਼ੇ ਦੀ ਤੋੜ ਨਾਲ ਨਜਿੱਠਣ ਵਾਸਤੇ ਲਿਵ-ਇਨ (ਦਾਖ਼ਲ ਹੋ ਕੇ) ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਵੇਗੀ:

- ਪੇਚੀਦਾ ਡਾਕਟਰੀ ਅਤੇ/ਜਾਂ ਮਾਨਸਿਕ ਸਿਹਤ ਜ਼ਰੂਰਤਾਂ
- ਡਮੈਨਸ਼ੀਆ, ਯਾਦਦਾਸ਼ਤ ਦੀ ਕਮੀ ਜਾਂ ਭੰਬਲਭੂਸਾ
- ਡਾਈਬੀਟੀਜ਼ ਮੈਲੀਟਸ ਜਿਸ ਲਈ ਇਨਸੁਲਿਨ ਲੈਣੀ ਲਾਜ਼ਮੀ ਹੋਵੇ (ਆਈ.ਡੀ.ਡੀ.ਐੱਮ.)
- ਦੰਦਲਾਂ ਪੈਣ ਦੇ ਵਿਕਾਰ (ਮਿਰਗੀ ਜਾਂ ਨਸ਼ੇ ਦੀ ਤੋੜ ਲੱਗਣ ਕਾਰਣ ਦੌਰੇ ਪੈਣੇ)
- ਗਰਭਵਤੀ ਹੋਣਾ
- ਵੱਖ-ਵੱਖ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨੀ ਜਿਸ ਕਾਰਣ ਨਸ਼ੇ ਦੀ ਤੋੜ ਬਹੁਤ ਪੇਚੀਦਾ ਹੋ ਸਕਦੀ ਹੈ

ਇਨਟੀਰੀਅਰ ਹੈਲਥ Dãkelh Dené, Ktunaxa, Nlaka'pamux, Secwépemc, St'át'imc, Syilx, ਅਤੇ Tŝilhqot'in ਨੇਸ਼ਨਜ਼ ਦੇ ਰਿਵਾਇਤੀ, ਜੱਦੀ ਅਤੇ ਸਮਰਪਣ ਨਾ ਕੀਤੇ ਖ਼ਿੱਤਿਆਂ ਨੂੰ ਮਾਨਤਾ ਦੇਣੀ ਅਤੇ ਸਤਿਕਾਰ ਪ੍ਰਦਾਨ ਕਰਨਾ ਚਾਹੁੰਦੀ ਹੈ।

Interior Health

**822288** Aug 11-23